वर्ष - 11 अंक - 229
कुल पृष्ठ 4 मूल्य -2 रु.
लुधियाना
13, जून, 2025

निर्भीक एवं निष्पक्ष
# जागृति लहर

JAGRATI LAHAR ਜਾਗ੍ਰਤੀ ਲਹਿਰ

शहीद बाबू लाभ सिंह एवं शहीद नरिंदर नाथ खन्ना को समर्पित समाचार पत्र

मुख्य संपादक : गौतम जालंधरी ● www.jagratilahar.com ● Email : jagratilahar@gmail.com ● RNI No. PUNBIL/2014/59855

YouTube youtube/c/jagratilehar  www.facebook.com/jagratilehar  81462-00161, 98154-82954




# ਯੁੱਧ ਨਸ਼ਿਆ ਵਿਰੁੱਧ ਅਭਿਆਨ ਤਹਿਤ ਪੁਲਿਸ ਅਧਿਕਾਰੀਆ ਤੇ ਸਲਾਈਟ ਪ੍ਰਬੰਧਕਾਂ ਨੇ ਕੀਤੀ ਮੀਟਿੰਗ



**ਲੌਂਗੋਵਾਲ,12 ਜੂਨ (ਜਗਸੀਰ ਸਿੰਘ)-** ਸੰਤ ਲੌਂਗੋਵਾਲ ਇੰਸਟੀਚਿਊਟ ਆਫ ਇੰਜੀਨੀਅਰਿੰਗ ਐਂਡ ਟੈਕਨੋਲੋਜੀ, ਲੌਂਗੋਵਾਲ ਵਿਖੇ ਡੀਐਸਪੀ ਸੁਨਾਮ ਸ਼. ਹਰਵਿੰਦਰ ਸਿੰਘ ਖੈਰਾ, ਇੰਸਪੈਕਟਰ ਬਲਵੰਤ ਸਿੰਘ, ਐੱਸ.ਐਚ.ਓ.ਥਾਣਾ ਲੌਂਗੋਵਾਲ ਅਤੇ ਡਾ. ਮਣੀਕਾਂਤ ਪਾਸਵਾਨ, ਡਾਇਰੈਕਟਰ, ਸਲਾਈਟ ਦੇ ਨਾਲ ਇੱਕ ਮੀਟਿੰਗ ਦਾ ਆਯੋਜਨ ਕੀਤਾ ਗਿਆ।

ਇਹ ਮੀਟਿੰਗ ਨਸ਼ਾ ਮੁਕਤੀ ਅਭਿਆਨ ਦੀ ਸਾਂਝੀ ਮੁਹਿੰਮ ਦੀ ਸ਼ੁਰੂਆਤ ਲਈ ਕੀਤੀ ਗਈ ਜੋ ਕਿ ਸਮਾਜ ਵਿੱਚ ਵੱਧ ਰਹੀ ਨਸ਼ੇ ਦੀ ਸਮੱਸਿਆ ਨੂੰ ਦੂਰ ਕਰਨ ਉੱਤੇ ਕੇਂਦਰਿਤ ਸੀ। ਡਾਇਰੈਕਟਰ ਸ੍ਰੀ ਮਣੀਕਾਂਤ ਪਾਸਵਾਨ ਨੇ ਸਮਾਜ ਭਲਾਈ ਪ੍ਰਤੀ ਸਲਾਈਟ ਦੀ ਵਚਨਬੱਧਤਾ ਨੂੰ ਦੁਹਰਾਇਆ ਅਤੇ ਵਿਦਿਆਰਥੀਆਂ, ਅਧਿਆਪਕਾਂ ਅਤੇ ਕਾਨੂੰਨ ਰੱਖਿਆ ਏਜੰਸੀ ਨੂੰ ਸ਼ਾਮਲ ਕਰਕੇ ਸਾਂਝੇ ਜਾਗਰੂਕਤਾ ਪ੍ਰੋਗਰਾਮ, ਵਰਕਸ਼ਾਪਾਂ, ਕਾਊਂਸਲਿੰਗ ਸੈਸ਼ਨਾਂ ਅਤੇ ਆਊਟਰੀਚ ਮੁਹਿੰਮਾਂ ਦੀ ਪੇਸ਼ਕਸ਼ ਕੀਤੀ। ਇਸ ਮੌਕੇ ਡਾ. ਐੱਮ.ਐੱਮ. ਸਿਨਹਾ, ਡੀਨ, ਵਿਦਿਆਰਥੀ ਭਲਾਈ, ਡਾ. ਰਾਜੇਸ਼ ਕੁਮਾਰ, ਚੇਅਰਮੈਨ, ਐਸਈਟੀ, ਸ਼੍ਰੀ ਹਰੀ ਮੋਹਨ ਅਰੋੜਾ, ਰਜਿਸਟਰਾਰ, ਡਾ. ਵੀ.ਕੇ. ਕੁਕਰੇਜਾ, ਅਸੋਸੀਏਟ ਡੀਨ, ਅਨੁਸ਼ਾਸਨ, ਡਾ. ਸੁਖਚਰਨ ਸਿੰਘ, ਅਸੋਸੀਏਟ ਡੀਨ, ਸੁਰੱਖਿਆ, ਡਾ. ਪ੍ਰਦੂਮਨ ਕੁਮਾਰ, ਚੀਫ ਵਾਰਡਨ, ਲੜਕੇ ਹੋਸਟਲ, ਡਾ. ਗੁਰਜਿੰਦਰ ਕੌਰ, ਚੀਫ ਵਾਰਡਨ, ਲੜਕੀਆਂ ਹੋਸਟਲ ਅਤੇ ਡਾ. ਰੁਪੇਸ਼ ਸਿੰਘ ਮੈਡੀਕਲ ਅਫਸਰ ਵੀ ਹਾਜ਼ਰ ਸਨ।

ਰੋਜ਼ਾਨਾ ਪੰਜਾਬੀ ਅਖਬਾਰ
ਬੋਲ ਪ੍ਰਦੇਸਾਂ ਦੇ
13.06.2025
bolpardesade@Gmail.com
ਖ਼ਬਰਾਂ, ਰਚਨਾਵਾਂ, ਵੀਡੀਓ ਅਤੇ ਇਸ਼ਤਿਹਾਰ ਭੇਜਣ ਲਈ ਸੰਪਰਕ ਕਰੋ
ਮੁੱਖ ਸੰਪਾਦਕ
ਰੁਪਿੰਦਰ ਜੋਧਾਂ ਜਾਪਾਨ
+81 8011222535
www.Bolpardesade.com
Reg. No. PB-12-0210588 | ਸਾਲ - 2 | ਮੁੱਖ ਸੰਪਾਦਕ - ਰੁਪਿੰਦਰ ਜੋਧਾਂ ਜਾਪਾਨ +818011222535 | MD - ਦਵਿੰਦਰ ਜੋਧਾਂ ਬੈਲਜੀਅਮ

# ਯੁੱਧ ਨਸ਼ਿਆ ਵਿਰੁੱਧ ਅਭਿਆਨ ਤਹਿਤ ਪੁਲਿਸ ਅਧਿਕਾਰੀਆ ਤੇ ਸਲਾਈਟ ਪ੍ਰਬੰਧਕਾਂ ਨੇ ਕੀਤੀ ਮੀਟਿੰਗ



ਲੌਂਗੋਵਾਲ,12 ਜੂਨ (ਜਗਸੀਰ ਸਿੰਘ)- ਸੰਤ ਲੌਂਗੋਵਾਲ ਇੰਸਟੀਚਿਊਟ ਆਫ ਇੰਜੀਨੀਅਰਿੰਗ ਐਂਡ ਟੈਕਨੋਲੋਜੀ, ਲੌਂਗੋਵਾਲ ਵਿਖੇ ਡੀਐਸਪੀ ਸੁਨਾਮ ਸ਼. ਹਰਵਿੰਦਰ ਸਿੰਘ ਖੈਰਾ, ,ਇੰਸਪੈਕਟਰ ਬਲਵੰਤ ਸਿੰਘ, ਐੱਸ.ਐਚ.ਓ.ਥਾਣਾ ਲੌਂਗੋਵਾਲ ਅਤੇ ਡਾ. ਮਣੀਕਾਂਤ ਪਾਸਵਾਨ, ਡਾਇਰੈਕਟਰ, ਸਲਾਈਟ ਦੇ ਨਾਲ ਇੱਕ ਮੀਟਿੰਗ ਦਾ ਆਯੋਜਨ ਕੀਤਾ ਗਿਆ। ਇਹ ਮੀਟਿੰਗ "ਨਸ਼ਾ ਮੁਕਤੀ ਅਭਿਆਨ" ਦੀ ਸਾਂਝੀ ਮੁਹਿੰਮ ਦੀ ਸ਼ੁਰੂਆਤ ਲਈ ਕੀਤੀ ਗਈ ਜੋ ਕਿ ਸਮਾਜ ਵਿੱਚ ਵੱਧ ਰਹੀ ਨਸ਼ੇ ਦੀ ਸਮੱਸਿਆ ਨੂੰ ਦੂਰ ਕਰਨ ਉੱਤੇ ਕੇਂਦਰਿਤ ਸੀ। ਚਰਚਾ ਦੌਰਾਨ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਕਿ ਵਿਦਿਅਕ ਸੰਸਥਾਵਾਂ ਸਮਾਜਿਕ ਜਾਗਰੂਕਤਾ ਅਤੇ ਨੌਜਵਾਨਾਂ ਵਿੱਚ ਵਿਵਹਾਰਕ ਬਦਲਾਅ ਲਿਆਉਣ ਵਿੱਚ ਅਹਿਮ ਭੂਮਿਕਾ ਨਿਭਾ ਸਕਦੀਆਂ ਹਨ। ਡਾਇਰੈਕਟਰ ਸ੍ਰੀ ਮਨੀਕਾਂਤ ਪਾਸਵਾਨ ਨੇ ਸਮਾਜ ਭਲਾਈ ਪ੍ਰਤੀ ਸਲਾਈਟ ਦੀ ਵਚਨਬੱਧਤਾ ਨੂੰ ਦੁਹਰਾਇਆ ਅਤੇ ਵਿਦਿਆਰਥੀਆਂ, ਅਧਿਆਪਕਾਂ ਅਤੇ ਕਾਨੂੰਨ ਰੱਖਿਆ ਏਜੰਸੀ ਨੂੰ ਸ਼ਾਮਲ ਕਰਕੇ ਸਾਂਝੇ ਜਾਗਰੂਕਤਾ ਪ੍ਰੋਗਰਾਮ, ਵਰਕਸ਼ਾਪਾਂ, ਕਾਉਂਸਲਿੰਗ ਸੈਸ਼ਨਾਂ ਅਤੇ ਆਊਟਰੀਚ ਮੁਹਿੰਮਾਂ ਦੀ ਪੇਸ਼ਕਸ਼ ਕੀਤੀ। ਇਸ ਮੀਟਿੰਗ ਵਿੱਚ ਇਹ ਵੀ ਯੋਜਨਾ ਬਣਾਈ ਗਈ ਕਿ ਆਉਣ ਵਾਲੇ ਸਮੇਂ ਵਿੱਚ ਨਸ਼ਾ ਵਿਰੋਧੀ ਰੈਲੀਆਂ, ਜਾਗਰੂਕਤਾ ਕੈਂਪ, ਸਾਈਕਲ ਰੈਲੀਆਂ ਅਤੇ ਨੇੜਲੇ ਪਿੰਡਾਂ ਵਿੱਚ ਵਿਦਿਆਰਥੀ ਐਂਬੈਸਡਰ ਪ੍ਰੋਗਰਾਮ ਵਰਗੀਆਂ ਸਾਂਝੀਆਂ ਗਤੀਵਿਧੀਆਂ ਆਯੋਜਿਤ ਕੀਤੀਆਂ ਜਾਣ। ਇਸ ਮੌਕੇ ਡਾ. ਐੱਮ.ਐੱਮ. ਸਿਨਹਾ, ਡੀਨ, ਵਿਦਿਆਰਥੀ ਭਲਾਈ, ਡਾ. ਰਾਜੇਸ਼ ਕੁਮਾਰ, ਚੇਅਰਮੈਨ, ਐਸਈਟੀ, ਸ਼੍ਰੀ ਹਰੀ ਮੋਹਨ ਅਰੋੜਾ, ਰਜਿਸਟਰਾਰ, ਡਾ. ਵੀ.ਕੇ. ਕੁਕਰੇਜਾ, ਅਸੋਸੀਏਟ ਡੀਨ, ਅਨੁਸ਼ਾਸਨ, ਡਾ. ਸੁਖਚਰਨ ਸਿੰਘ, ਅਸੋਸੀਏਟ ਡੀਨ, ਸੁਰੱਖਿਆ, ਡਾ. ਪ੍ਰਦੂਮਨ ਕੁਮਾਰ, ਚੀਫ ਵਾਰਡਨ, ਲੜਕੇ ਹੋਸਟਲ, ਡਾ. ਗੁਰਜਿੰਦਰ ਕੌਰ, ਚੀਫ ਵਾਰਡਨ, ਲੜਕੀਆਂ ਹੋਸਟਲ ਅਤੇ ਡਾ. ਰੁਪੇਸ਼ ਸਿੰਘ ਮੈਡੀਕਲ ਅਫਸਰ ਵੀ ਹਾਜ਼ਰ ਸਨ।